# ਯਿਸੂ ਦੇ ਮਗਰ ਚੱਲਣਾ
## ਅਫ਼ਸੀਆਂ 1:1-14

*ਯਿਸੂ ਮਸੀਹ ਕੱਲ੍ਹ ਅਤੇ ਅੱਜ ਅਤੇ ਜੁੱਗੋ ਜੁੱਗ ਇਕ ਜਿਹਾ ਹੈ (ਇਬਰਾਨੀਆਂ 13:8)।*

ਕੰਮ ਕੋਈ ਵੀ ਹੋਵੇ, ਆਪਣੇ ਕਰਨ ਵਾਲੇ ਤੋਂ ਵੱਡਾ ਨਹੀਂ ਹੋ ਸਕਦਾ। ਮਸੀਹੀਅਤ ਕਿਸੇ ਵੀ ਤਰ੍ਹਾਂ ਮਸੀਹੀ ਲੋਕਾਂ ਨਾਲੋਂ ਬੇਹਤਰ ਨਹੀਂ ਹੋ ਸਕਦੀ। ਮਸੀਹੀ ਲੋਕਾਂ ਦਾ ਵਿਸ਼ਵਾਸ ਉਨ੍ਹਾਂ ਦੀ ਸਿੱਖਿਆ ਨਾਲ ਮੇਲ ਖਾਂਦਾ ਹੋਣਾ ਜ਼ਰੂਰੀ ਹੈ। ਸਾਨੂੰ ਸਚਮੁਚ ਉਹ ਵਿਸ਼ਵਾਸ ਕਰਨਾ ਜ਼ਰੂਰੀ ਹੈ ਜੋ ਸਾਡਾ ਵਿਸ਼ਵਾਸ ਹੈ। ਬਾਰ ਬਾਰ ਮਨ ਵਿਚ ਆਉਣ ਵਾਲਾ ਸਵਾਲ ਇਹ ਹੈ ਕਿ ''ਕੀ ਅਸੀਂ ਸਚਮੁਚ ਵਿਸ਼ਵਾਸ ਕਰਦੇ ਹਾਂ?'' ਸਾਨੂੰ *ਪਤਾ* ਹੋਣਾ ਚਾਹੀਦਾ ਹੈ ਕਿ ਅਸੀਂ ਕੌਣ ਹਾਂ; ਸਾਡਾ ਉਹ *ਹੋਣਾ* ਜ਼ਰੂਰੀ ਹੈ ਜੋ ਅਸੀਂ ਹਾਂ।

ਅਮਰੀਕਾ ਦੇ ਰਾਸ਼ਟਰਪਤੀ ਦੇ ਦੌੜ ਵਿਚ ਸ਼ਾਮਿਲ ਇਕ ਸਿਆਸਤਦਾਨ ਨੇ ਲਿਖਿਆ, ''ਇਖ਼ਲਾਕੀ ਤੌਰ ਤੇ, ਗਰਭਪਾਤ ਕਤਲ ਹੀ ਹੈ।'' ਉਸ ਦਾ ਇਹ ਵੀ ਕਹਿਣਾ ਸੀ ਕਿ ''ਸਿਆਸੀ ਤੌਰ ਤੇ ਇਹ ਆਦਮੀ ਦੀ ਪਸੰਦ ਤੇ ਨਿਰਭਰ ਕਰਦਾ ਹੈ।'' ਜ਼ਾਹਿਰ ਹੈ ਕਿ ਇਹ ਸਿਆਸਤਦਾਨ ਉਹ ਯਕੀਨ ਨਹੀਂ ਕਰਦਾ ਜੋ ਉਸ ਦਾ ਵਿਸ਼ਵਾਸ ਹੈ! ਸਿਆਸਤਦਾਨਾਂ ਵਿਚ ਵੀ ਇਹ ਗੱਲ ਓਨੀ ਹੀ ਗਲਤ ਹੈ ਜਿੰਨੀ ਮਸੀਹੀ ਲੋਕਾਂ ਵਿਚ। ਮੁੱਢਲੀ ਕਲੀਸੀਆ ਨੇ ਆਪਣੇ ਵਕਤ ਦੇ ਸੰਸਾਰ ਵਿਚ ਇੰਜੀਲ ਨੂੰ ਫੈਲਾਇਆ ਸੀ। ਕਿਓਂ? ਕਿਉਂਕਿ ਉਨ੍ਹਾਂ ਦਾ ਯਕੀਨ ਸੀ। ਉਨ੍ਹਾਂ ਨੂੰ ਪਤਾ ਸੀ ਕਿ ਉਨ੍ਹਾਂ ਦਾ ਵਿਸ਼ਵਾਸ ਬਿਲਕੁਲ ਸਹੀ ਹੈ ਜਿਸ ਦੀ ਕੋਈ ਬਰਾਬਰੀ ਨਹੀਂ ਹੋ ਸਕਦੀ। ਅਤੇ ਇਹ ਕਿਸੇ ਗੱਲ ਨਾਲ ਸਮਝੌਤਾ ਨਹੀਂ ਕਰ ਸਕਦਾ। ਜੇ ਮਸੀਹੀਅਤ ਸਹੀ ਹੈ ਤਾਂ ਮੇਰੇ ਲਈ ਮਸੀਹੀ ਹੋਣਾ ਲਾਜ਼ਮੀ ਹੈ। ਤੁਹਾਡੇ ਲਈ ਵੀ ਮਸੀਹੀ ਹੋਣਾ ਲਾਜ਼ਮੀ ਹੈ। ਬਾਈਬਲ ਮੁਤਾਬਕ ਮਸੀਹੀਅਤ ਨਿਰਾਲੀ, ਸਖ਼ਤ ਅਤੇ ਸੀਮਤ ਹੈ ਕਿਉਂਕਿ ਇਹ ਸੱਚੀ ਵੀ ਹੈ ਅਤੇ ਸਹੀ ਵੀ। ਕੀ ਅਸੀਂ ਇਹ ਯਕੀਨ ਕਰਦੇ ਹਾਂ?

ਖ਼ੁਦਾ ਦੇ ਨਾਲ ਸਾਡਾ ਰੋਜ਼ ਦਾ ਚੱਲਣਾ ਖ਼ੁਦਾ ਦੇ ਨਾਲ ਸਾਡੀ ਮਸੀਹੀ ਜ਼ਿੰਦਗੀ ਵੀ ਹੈ। ਸਾਡੇ ਸਮਾਜ ਨੂੰ ਜ਼ਿੰਦਗੀ ਦੀ ਕਾਰਜਕਾਰੀ ਫ਼ਿਲਾਸਫ਼ੀ ਦੀ ਬੜੀ ਲੋੜ ਹੈ। ਤੁਹਾਡੀ ਜ਼ਿੰਦਗੀ ਕੀ ਹੈ? ਤੁਹਾਡੀ ਜ਼ਿੰਦਗੀ ਦਾ ਮੁੱਖ ਮਕਸਦ ਕੀ ਹੈ? ਯਿਸੂ ਨੇ ਗੂੜ੍ਹ ਅਰਥ ਵਾਲੇ ਆਪਣੇ ਪਹਾੜੀ ਉਪਦੇਸ਼ ਵਿਚ ਇਹ ਸਭ ਦੱਸਿਆ ਹੈ (ਮੱਤੀ 5:6)। ਯਿਸੂ ਨੇ ਕਿਹਾ ਕਿ ਉਹ ਜ਼ਿੰਦਗੀ ਦਾ ਰਾਹ ਹੈ। ਮੁਬਾਰਕਬਾਦੀਆਂ ਵਿਚ ਸਾਡੇ ''ਵਿਹਾਰ'' ਦਾ ਵੇਰਵਾ ਹੈ; ਸਾਡੇ ਅੰਦਰੂਨੀ ਵਿਹਾਰ ਨਾਲ ਸਾਡੇ ਬਾਹਰੀ ਕੰਮ ਪ੍ਰਭਾਵਿਤ ਹੁੰਦੇ ਹਨ। ਇਹੀ ਕਾਰਣ ਹੈ ਕਿ ਗੈਰ ਮਸੀਹੀ ਲੋਕਾਂ ਤੋਂ ਮਸੀਹੀ ਲੋਕਾਂ ਵਰਗੇ ਕੰਮ ਕਰਨ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਸਾਡੇ ਵਿੱਚੋਂ ਬਹੁਤ ਘੱਟ ਲੋਕ ਸਮਝ ਪਾਉਂਦੇ ਹਨ ਕਿ ਰੋਜ਼ ਦੇ ਵਿਹਾਰ ਅਤੇ ਕੰਮਾਂ ਵਿਚ ਕਿੰਨੀ ਸਕਤੀ ਹੈ। ਇਹ ਵਿਸ਼ਵਾਸ ਕਰਨਾ ਕਿ ਖ਼ੁਦਾ, ਖ਼ੁਦਾ ਹੈ ਇਕ ਖ਼ਾਸ ਢੰਗ ਨਾਲ ਜ਼ਿੰਦਗੀ ਜੀਣਾ ਹੈ। ਇਹ ''ਸਾਊ'' ਮਸੀਹੀਅਤ ਦਾ ਸਮਾਂ ਨਹੀਂ ਹੈ। ਗ੍ਰੇਟ ਕਮਿਸ਼ਨ ਵਿਚ ਕੋਈ ਤਬਦੀਲੀ ਨਹੀਂ ਆਈ: ''ਤੁਸੀਂ ਸਾਰੇ ਜਗਤ ਵਿਚ ਜਾ ਕੇ ਸਰਬੱਤ ਸਰਿਸ਼ਟ ਦੇ ਸਾਹਣੇ ਖੁਸ਼ਖ਼ਬਰੀ ਦਾ ਪ੍ਰਚਾਰ ਕਰੋ'' (ਮਰਕੁਸ 16:15)। ਜ਼ਿੰਦਗੀ ਦੇ ਸਭ ਪਹਿਲੂਆਂ ਵਿੱਚੋਂ ਸਭ ਤੋਂ ਪਹਿਲਾਂ ਵਿਸ਼ਵਾਸ ਹੀ ਟੁੱਟਦਾ ਹੈ। ਆਪਣੇ ਵਿਸ਼ਵਾਸ ਦੀ ਰਾਖੀ ਕਰੋ। ਮਸੀਹੀ ਲੋਕਾਂ ਲਈ *ਵਿਸ਼ਵਾਸ ਕਰਨਾ ਜ਼ਰੂਰੀ ਹੈ।* ''ਪਰ ਇਹ ਇਸ ਲਈ ਲਿਖੇ ਗਏ ਹਨ ਕਿ ਤੁਸੀਂ ਪਰਤੀਤ ਕਰੋ ਕਿ ਯਿਸੂ ਜਿਹੜਾ ਹੈ ਉਹੋ ਮਸੀਹ ਪਰਮੇਸ਼ੁਰ ਦਾ ਪੁੱਤਰ ਹੈ, ਨਾਲੇ ਪਰਤੀਤ ਕਰਕੇ ਉਹਦੇ ਨਾਮ ਤੋਂ ਜੀਉਣ ਨੂੰ ਪ੍ਰਾਪਤ ਕਰੋ'' (ਯੂਹੰਨਾ 20:31)।

## ਇੱਕੋ ਸੱਚੇ ਖ਼ੁਦਾ ਵਿਚ ਯਕੀਨ ਕਰਨਾ ਜ਼ਰੂਰੀ

*ਖ਼ੁਦਾ–ਖ਼ੁਦਾ–ਖ਼ੁਦਾ!* ਮੁੱਦਾ ਖ਼ੁਦਾ ਹੀ ਹੈ। ਇਕ ਸੰਪ੍ਰਭੂ, ਅਨਾਦੀ, ਰਚਣਹਾਰਾ, ਸਨਾਤਨ, ਅਬਦਲ, ਪਵਿੱਤਰ, ਸਰਬਸ਼ਕਤੀਮਾਨ ਖ਼ੁਦਾ ਹੈ। ''ਆਦਿ ਵਿਚ ਪਰਮੇਸ਼ੁਰ ਨੇ ਅਕਾਸ਼ ਅਤੇ ਧਰਤੀ ਨੂੰ ਉਤਪੰਨ ਕੀਤਾ'' (ਉਤਪਤ 1:1); ''ਹੇ ਇਸਰਾਈਲ, ਸੁਣੋ! ਯਹੋਵਾਹ ਸਾਡਾ ਪਰਮੇਸ਼ੁਰ ਇੱਕੋ ਹੀ ਯਹੋਵਾਹ ਹੈ। ਤੁਸੀਂ ਯਹੋਵਾਹ ਆਪਣੇ ਪਰਮੇਸ਼ੁਰ ਨੂੰ ਆਪਣੇ ਸਾਰੇ ਮਨ, ਆਪਣੀ ਸਾਰੀ ਜਾਨ ਅਤੇ ਆਪਣੇ ਸਾਰੇ ਜ਼ੋਰ ਨਾਲ ਪਿਆਰ ਕਰੋ'' (ਵਿਵਸਥਾਸਾਰ 6:4, 5)। ਮਸੀਹੀ ਲੋਕਾਂ ਦਾ ਉਹੀ ਵਿਸ਼ਵਾਸ ਹੈ ਜਿਹੜਾ ਯਿਸੂ ਦਾ ਹੈ। ਸਭ ਤੋਂ ਤਰਜੀਹ ਦੇ ਕੇ ਯਿਸੂ ਨੇ ਇਸ ਹੁਕਮ ਦੀ ਤਸਦੀਕ ਕਰ ਦਿੱਤੀ (ਮੱਤੀ 22:37–40)। ਮਸੀਹੀਅਤ ਨਵੇਕਲੀ, ਮੁਕੰਮਲ, ਸਿਧਾਂਤਕ ਅਤੇ ਅਸਹਿਣਸ਼ੀਲ ਹੈ। ਸੱਚਾਈ ਵੀ ਅਜਿਹੀ ਹੀ ਹੈ। ਸੱਚਾਈ ਹੋਣ ਲਈ ਮੁਕੰਮਲ ਹੋਣਾ ਜ਼ਰੂਰੀ ਹੈ। ਯਹੋਵਾਹ ਖ਼ੁਦਾ ਇੱਕੋ (ਕੂਚ 3 ਵਾਲਾ ''ਮੈ ਹਾਂ'') ਹੀ ਹੈ।

ਜੇ ਖ਼ੁਦਾ ਹੈ ਤਾਂ ਬਾਕੀ ਸਭ ਚੀਜ਼ਾਂ ਬੇਕਾਰ ਹੋ ਜਾਂਦੀਆਂ ਹਨ। ਜੇ ਖ਼ੁਦਾ ਨਹੀਂ ਹੈ ਤਾਂ ਕੋਈ ਡਰ ਨਹੀਂ। ਖ਼ੁਦਾ ਸਭ ਚੀਜ਼ਾਂ ਨੂੰ ਇਕੱਠਿਆਂ ਰੱਖਣ ਦੇ ਦਰਮਿਆਨ ਹੈ। ਖ਼ੁਦਾ ਦੇ ਬਗੈਰ ਇਖ਼ਲਾਕ ਜਾਂ ਨੈਤਿਕਤਾ ਨਹੀਂ ਹੋ ਸਕਦੀ। ਫਿਰ ਤਾਂ ਜੋ ਮਨ ਆਏ ਕਰੋ, ਸਭ ਠੀਕ ਹੀ ਹੋਵੇਗਾ। ਸਭ ਕੁਝ ਪਾ ਕੇ ਖ਼ੁਦਾ ਨੂੰ ਗੁਆਉਣ ਦੀ ਥਾਂ ਸਭ ਕੁਝ ਗੁਆ ਕੇ ਪਾਉਣਾ ਵਧੀਆ ਹੈ। (ਮੱਤੀ 16:24–26 ਵਿਚ ਯਿਸੂ ਨੇ ਇਹ ਗੱਲ ਕਹੀ)। ਕਿਸੇ ਕਲੀਸੀਆ ਜਾਂ ਕਿਸੇ ਆਦਮੀ ਦੇ ਪਤਨ ਦਾ ਕਾਰਣ ਖ਼ੁਦਾ ਦੀ ਸਖ਼ਸ਼ੀਅਤ, ਮਹੱਤਵ ਅਤੇ ਇਖ਼ਤਿਆਰ ਨੂੰ ਠੁਕਰਾਉਣਾ ਹੈ। ਜਦ ਤੁਹਾਡੀ ਮੁਸ਼ਕਿਲ ਸਿਰਫ਼ ਖ਼ੁਦਾ ਦੀ ਲੋੜ ਹੋਵੇ ਤਾਂ ਤੁਹਾਡਾ ਹੱਲ ਸਿਰਫ਼ ਖ਼ੁਦਾ ਹੀ ਹੋ ਸਕਦਾ ਹੈ। ਮਹਾਨ ਥਿਓਲੋਜੀ (ਧਰਮ ਸਿੱਖਿਆ) ਲਈ ਮਹਾਨ ਪਰਮੇਸ਼ੁਰ ਦਾ ਹੋਣਾ ਜ਼ਰੂਰੀ ਹੈ! ਅਸੀਂ ਸਭ ਖ਼ੁਦਾ ਦੀ ਸੰਤਾਨ ਬਣਨ ਲਈ ਹੀ ਪੈਦਾ ਹੋਏ ਹਾਂ। ਖ਼ੁਦਾ ਦੇ ਬਗੈਰ ਅਸੀਂ ਕੁਝ ਕਰ ਨਹੀਂ ਸਕਦੇ ਅਤੇ ਸਾਡੇ ਬਗੈਰ ਖ਼ੁਦਾ ਕੁਝ ਕਰੇਗਾ ਨਹੀਂ। ਸਾਡੀ ਰੂਹਾਨੀ ਜ਼ਿੰਦਗੀ ਦੀ ਹਰ ਗਤੀਵਿਧੀ ਖ਼ੁਦਾ ਵੱਲੋਂ ਹੀ ਹੈ। ਹਿਜ਼ਕੀਏਲ ਦੀ ਕਿਤਾਬ ਵਿਚ ਸੱਠ ਤੋਂ ਵੱਧ ਵਾਰ ਖ਼ੁਦਾ ਨੇ ਆਖਿਆ ਹੈ, ''ਤਦ ਤੂੰ ਜਾਣ ਲਵੇਂਗਾ ਕਿ ਮੈਂ ਯਹੋਵਾਹ ਹਾਂ।'' ਬਿਨਾਂ ਖ਼ੁਦਾ ਦੇ, ਮਨੁੱਖ ਇਕੱਲਾ ਚੱਲਦਾ ਹੈ।

ਦੂਜਾ ਕੋਈ ਖ਼ੁਦਾ ਹੈ ਹੀ ਨਹੀਂ। ਦਸ ਹੁਕਮਾਂ ਵਿੱਚੋਂ ਪਹਿਲਾ ਹੁਕਮ ਇਹੀ ਹੈ ਕਿ ''ਮੇਰੇ ਸਨਮੁੱਖ ਤੇਰੇ ਲਈ ਦੂਜੇ ਦੇਵਤੇ ਨਾ ਹੋਣ'' (ਕੂਚ 20:3)। ਯੂਹੰਨਾ 17:3 ਕਹਿੰਦਾ ਹੈ, ''ਸਦੀਪਕ ਜੀਉਣ ਇਹ ਹੈ ਕਿ ਉਹ ਤੈਨੂੰ ਜੋ ਸੱਚਾ ਵਾਹਿਦ ਪਰਮੇਸ਼ੁਰ ਹੈ ਅਤੇ ਯਿਸੂ ਮਸੀਹ ਨੂੰ ਜਿਹਨੂੰ ਤੈਂ ਘੱਲਿਆ, ਜਾਣਨ।'' ਕਲੀਸੀਆ ਖ਼ੁਦਾ ਦੀ ਅਗਵਾਈ ਵਿਚ ਚੱਲੇ! ਜੇ ਅਸੀਂ ਸਚਮੁਚ ਖ਼ੁਦਾ ਨੂੰ ਜਾਣਦੇ ਹਾਂ ਤਾਂ ਅਸੀਂ ਕਦੇ ਪਾਪ ਨਹੀਂ ਕਰਾਂਗੇ। ਮੇਰੀ ਜ਼ਿੰਦਗੀ ਇਸ ਗੱਲ ਦੀ ਗਵਾਹ ਹੈ ਕਿ ਮੈਨੂੰ ਅਸਲ ਵਿਚ ਖ਼ੁਦਾ ਤੇ ਕਿੰਨਾ ਯਕੀਨ ਹੈ। ''ਜੀਉਂਦੇ ਪਰਮੇਸ਼ੁਰ ਦੇ ਹੱਥ ਵਿਚ ਪੈਣਾ ਭਿਆਨਕ ਗੱਲ ਹੈ'' (ਇਬਰਾਨੀਆਂ 10:31)। ਉਸ ਨੂੰ ਜਾਣੋ। ਉਸ ਤੇ ਯਕੀਨ ਕਰੋ। ਉਸ ਤੇ ਭਰੋਸਾ ਰੱਖੋ। ਉਸ ਨਾਲ ਪਿਆਰ ਕਰੋ। ਉਸ ਦੀ ਸੁਣੋ। ਉਸ ਦੀ ਮੰਨੋ। ਕੀ ਖ਼ੁਦਾ ਸਰਬਸ਼ਕਤੀਮਾਨ ਹੈ? ਕੀ ਅਸੀਂ ਉਹੀ ਕਰਾਂਗੇ ਜੋ ਖ਼ੁਦਾ ਕਹਿੰਦਾ ਹੈ? ਖ਼ੁਦਾ ਨੂੰ ਜਾਣਨਾ ਅਤੇ ਜੋ ਉਹ ਕਹਿੰਦਾ ਹੈ ਉਸ ਨੂੰ ਨਾ ਕਰਨਾ ਅਸਲ ਵਿਚ ਉਸ ਨੂੰ ਨਾ ਜਾਣਨਾ ਹੈ। ਜੇ ਖ਼ੁਦਾ, ਖ਼ੁਦਾ ਹੈ ਤਾਂ ਮਨੁੱਖ ਲਈ ਉਸ ਦੀ ਸੁਣਨੀ ਜ਼ਰੂਰੀ ਹੈ। ਇਬਰਾਨੀ ਭਾਸ਼ਾ ਵਿਚ ''ਸੁਣਨਾ'' ਅਤੇ ''ਹੁਕਮ ਮੰਨਣਾ'' ਇੱਕੋ ਸ਼ਬਦ ਹਨ। ਮਨੁੱਖ ਕੋਲ ਖ਼ੁਦਾ ਵਿਚ ਯਕੀਨ ਨਾ ਕਰਨ ਦਾ ਕੋਈ ਬਹਾਨਾ ਨਹੀਂ ਹੈ (ਰੋਮੀਆਂ 1:18–23)। ਗਿਆਤ ਪਰਮੇਸ਼ੁਰ ਲਈ ਕਿਸੇ ਅਗਿਆਤ ਭਵਿੱਖ ਤੇ ਭਰੋਸਾ ਕਰਨ ਤੋਂ ਨਾ ਡਰੋ। ਬਦਲਾਅ ਹਰ ਸਕਿੰਟ ਦੇ ਬਾਅਦ ਆਉਂਦਾ ਹੈ। ਬਦਲਾਅ ਦਾ ਹੱਲ ਨਾ ਬਦਲਣ ਵਾਲੇ ਖ਼ੁਦਾ ਦਾ ਹੱਥ ਹੈ। ਖ਼ੁਦਾ ਬਦਲਦਾ ਨਹੀਂ ਹੈ।

# ਯਿਸੂ ਵਿਚ ਯਕੀਨ ਜ਼ਰੂਰੀ ਹੈ

**ਉਹ ਆਪਣੀ ਤਰ੍ਹਾਂ ਦਾ ਇਕਲੌਤਾ ਹੈ**

ਰਚਣਹਾਰੇ ਖ਼ੁਦਾ ਨੇ ਮਨੁੱਖ ਜਾਤੀ ਨੂੰ ਯਿਸੂ ਵਿਚ ਮਿਲਾ ਦਿੱਤਾ। ਇਹੀ ਖੁਸ਼ਖ਼ਬਰੀ ਹੈ, ਕੋਈ ਹੋਰ ਇਵੇਂ ਦੇਹਧਾਰੀ ਹੋਣ ਦਾ ਦਾਅਵਾ ਨਹੀਂ ਕਰ ਸਕਦਾ। ਯਿਸੂ ਖ਼ੁਦਾ ਦਾ ਇਕਲੌਤਾ ਪੁੱਤਰ ਹੈ (ਯੂਹੰਨਾ 3: 16)। ਪੈਂਟੀਕਾਸਟ ਵਾਲੇ ਦਿਨ (ਰਸੂਲਾਂ ਦੇ ਕੰਮ 2) ਤੋਂ ਹੀ ਮਸੀਹੀ ਲੋਕ ਇਸ ਨੂੰ ਜਾਣਦੇ, ਮੰਨਦੇ ਅਤੇ ਇਸ ਦਾ ਪ੍ਰਚਾਰ ਕਰਦੇ ਆ ਰਹੇ ਹਨ। ਪਰ ਆਧੁਨਿਕ ਸਮਾਜ ਨੇ ਬਹੁਵਾਦ (ਧਾਰਮਿਕ ਸਮਝੌਤਾ) ਨੂੰ ਅਪਣਾ ਲਿਆ ਹੈ। ਸਹਿਣਸ਼ੀਲਤਾ ਦੇ ਨਾਂਅ ਤੇ ਸੱਭਿਅਤਾ ਢੀਠਪੁਣੇ ਨਾਲ ਇਹ ਦਾਅਵਾ ਕਰਦੀ ਹੈ ਕਿ ਯਿਸੂ ਕਈਆਂ ਵਿੱਚੋਂ ਇਕ ਹੈ। ਸਾਲਾਂ ਤੋਂ ਡਿਨੋਮਿਨੇਸ਼ਨਾਂ ਦੇ ਲੋਕ ਰੌਲਾ ਪਾ ਰਹੇ ਹਨ, ‘‘ਇਕ ਕਲੀਸੀਆ ਦੂਜੀ ਵਾਂਗ ਹੀ ਚੰਗੀ ਹੈ।’’ ਉਨ੍ਹਾਂ ਨੇ ਇਸ ਉੱਤੇ ਪੂਰੀ ਤਰ੍ਹਾਂ ਵਿਚਾਰ ਨਹੀਂ ਕੀਤਾ। ਜੇ ਉਨ੍ਹਾਂ ਦੀ ਗੱਲ ਸਹੀ ਹੈ ਤਾਂ ‘‘ਇਕ ਮਸੀਹਾ (ਮਸੀਹ) ਦੂਜੇ ਵਾਂਗ ਹੀ ਚੰਗਾ ਹੈ’’–‘‘ਇਕ ਦੇਵਤਾ ਦੂਜੇ ਦੇਵਤੇ ਵਾਂਗ ਹੀ ਚੰਗਾ ਹੈ। ਸਾਰੇ ਰਾਹ ਸੁਰਗ ਵੱਲ ਨੂੰ ਜਾਂਦੇ ਹਨ।’’ ਇਹ ਧਾਰਣਾ ਬਾਈਬਲ ਦੇ ਉਲਟ ਹੀ ਨਹੀਂ, ਇਸਦਾ ਕੋਈ ਮਤਲਬ ਹੀ ਨਹੀਂ ਹੈ! ਦੋ ਮਸੀਹਾ ਬਹੁਤ ਜ਼ਿਆਦਾ ਹਨ! ਦੋ ਕਲੀਸੀਆਵਾਂ ਬਹੁਤ ਵੱਧ ਹਨ। ਪੜ੍ਹੋ ਅਫ਼ਸੀਆਂ 4: 1–6.

ਇਕ ਇਤਿਹਾਸਕਾਰ ਨੇ ਇਤਿਹਾਸ ਦੇ ਮਹਾਨ ਲੋਕਾਂ ਦੀ ਇਕ ਸੂਚੀ ਬਣਾਈ ਹੈ ਜਿਸ ਵਿਚ ਉਸ ਨੇ ਯਿਸੂ ਨੂੰ ਮੁਹੰਮਦ ਅਤੇ ਸਰ ਆਇਜ਼ਕ ਨਿਊਟਨ ਦੇ ਬਾਅਦ ਤੀਜਾ ਮਹਾਨ ਆਦਮੀ ਦੱਸਿਆ ਹੈ। *ਡਲਾਸ ਮਾਰਨਿੰਗ ਨਿਊਜ਼* ਅਖ਼ਬਾਰ ਨੇ ਹਾਲ ਹੀ ਵਿਚ ਕਿਹਾ ਹੈ, ‘‘ਨਵੀਂ ਰੂਹਾਨੀਅਤ’’ ਹੁਣ ਇਕ ਹਿੱਸਾ ਯਿਸੂ ਅਤੇ ਦੋ ਹਿੱਸੇ ਬੁੱਧ ਹਨ! ਇਹ ਹਾਸੋ–ਹੀਣਾ ਹੀ ਨਹੀਂ ਬਲਕਿ ਖ਼ੁਦਾ ਦੀ ਨਿੰਦਿਆ ਵੀ ਹੈ। ਸਾਡਾ ਰੋਜ਼ ਦਾ ਚੱਲਣਾ ਮਸੀਹ ਵਿਚ ਚੱਲਣਾ ਹੈ। ਯਿਸੂ ਇਤਿਹਾਸ ਦਾ ਸਭ ਤੋਂ ਅਹਿਮ, ਸਭ ਤੋਂ ਮਹਾਨ ਆਦਮੀ ਹੈ ਜੋ ਇਤਿਹਾਸ ਵਿਚ ਹੋਇਆ। ਮਸੀਹੀ ਹੋਣਾ ਕਿੰਨੀ ਬਰਕਤ ਦੀ ਗੱਲ ਹੈ!

ਯਿਸੂ ਨੇ ਕਿਹਾ, ‘‘ਰਾਹ ਅਤੇ ਸਚਿਆਈ ਅਤੇ ਜੀਉਣ ਮੈਂ ਹਾਂ; ਕੋਈ ਮੇਰੇ ਵਸੀਲੇ ਬਿਨਾਂ ਪਿਤਾ ਦੇ ਕੋਲ ਨਹੀਂ ਆਉਂਦਾ’’ (ਯੂਹੰਨਾ 14:6)। ਯਿਸੂ ਸਚਿਆਈ ਹੀ ਨਹੀਂ, ਉਹ ਹੀ ‘‘ਸਚਿਆਈ’’ ਹੈ! ਉਹ ਹੀ ‘‘ਕਿਆਮਤ ਅਤੇ ਜੀ ਉੱਠਣ’’ ਹੈ (ਯੂਹੰਨਾ 11:25)। ਯਿਸੂ ਦੇ ‘‘ਮੈਂ ਹਾਂ’’ ਨੂੰ ਪੜ੍ਹੋ। ਕਦੇ ਕਿਸੇ ਨੇ ਯਿਸੂ ਵਾਂਗ ਗੱਲ ਨਹੀਂ ਕੀਤੀ। ਉਸ ਨੇ ਆਖਿਆ, ‘‘... ਕਿਉਂਕਿ ਜੇ ਤੁਸੀਂ ਪਰਤੀਤ ਨਾ ਕਰੋ ਕਿ ਮੈਂ ਉਹੋ ਹਾਂ ਤਾਂ ਆਪਣੇ ਪਾਪਾਂ ਵਿਚ ਮਰੋਗੇ’’ (ਯੂਹੰਨਾ 8:24); ‘‘ਅਰ ਸਚਿਆਈ ਨੂੰ ਜਾਣੋਗੇ ਅਰ ਸਚਿਆਈ ਤੁਹਾਨੂੰ ਅਜ਼ਾਦ ਕਰੇਗੀ’’ (ਯੂਹੰਨਾ 8:32)। ਯਿਸੂ ਨੂੰ ਵੇਖਣਾ ਖ਼ੁਦਾ ਨੂੰ ਵੇਖਣਾ ਹੀ ਸੀ (ਯੂਹੰਨਾ 14:9)। ਯਿਸੂ ਜ਼ਿੰਦਗੀ ਦੀ ਰੋਟੀ ਹੈ (ਯੂਹੰਨਾ 6:48)। ਯਿਸੂ ਖ਼ੁਦਾ ਦਾ ਲੇਲਾ ਹੈ (ਯੂਹੰਨਾ 1:29)। ਯਿਸੂ ਜੀ ਉੱਠਿਆ ਹੈ (ਲੂਕਾ 24:5, 6)। ਕਿਸੇ ਹੋਰ ਵਾਸਤੇ ਇਹ ਦਾਅਵਾ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਤਿਹਾਸ ਦੇ ਸਭ ਮਹਾਨ ਆਗੂ ਮਰ ਚੁੱਕੇ ਹਨ, ਯਿਸੂ ਹੀ ਜ਼ਿੰਦਾ ਹੈ! ਮਰੇ ਹੋਏ ਮੁਕਤੀਦਾਤੇ ਦਾ ਕੀ ਫ਼ਾਇਦਾ ਹੋ ਸਕਦਾ ਹੈ? ਜਿਵੇਂ ਬਹੁਤ ਸਾਰੇ ਲੋਕਾਂ ਦਾ ਕਹਿਣਾ ਹੈ, ‘‘ਯਿਸੂ ਜਾਂ ਤਾਂ ਝੂਠਾ ਹੈ ਜਾਂ ਪਾਗਲ, ਜਾਂ ਫਿਰ ਉਹ ਹੀ ਪ੍ਰਭੂ ਹੈ।’’

ਕੁਲੁੱਸੀਆਂ ਦੀ ਪੱਤਰੀ ਬਹੁਤ ਪ੍ਰਸੰਗਿਕ ਹੈ। ਸ਼ਾਇਦ ਅੱਜ ਦੇ ਸਮਾਜ ਲਈ ਇਸ ਦੀ ਬੜੀ ਲੋੜ ਹੈ। ਪੌਲੁਸ ਨੇ ਆਖਿਆ, ‘‘ਇਹ *ਮਸੀਹ* ਹੈ, *ਇਸ ਦੇ ਅੱਗੇ ਹੋਰ ਕੋਈ ਗੱਲ ਨਹੀਂ।’’* ਇਬਰਾਨੀਆਂ ਦੀ ਕਿਤਾਬ ਨੂੰ ਲਿਖਣ ਦਾ ਇਕ ਮੁੱਖ ਕਾਰਣ ਸੀ ਅਤੇ ਉਹ ਸੀ ਆਪਣੀ ਤਰ੍ਹਾਂ ਦੇ ਨਵੇਕਲੇ *ਯਿਸੂ* ਬਾਰੇ ਦੱਸਣਾ! ਮਸੀਹੀਅਤ ਪੇਚੀਦਾ ਨਹੀਂ ਹੈ: (1) ਖ਼ੁਦਾ ਨੇ ਸਾਨੂੰ ਯਿਸੂ ਦਿੱਤਾ, ਅਤੇ (2) ਆਪਣੀ ਰੋਜ਼ਮੱਰਾ ਦੀ ਜ਼ਿੰਦਗੀ ਵਿਚ ਅਸੀਂ ਖ਼ੁਦਾ ਨੂੰ ਯਿਸੂ ਮੋੜ ਦਿੰਦੇ ਹਾਂ। ਖ਼ੁਦਾ ਨੇ ਸਾਡੇ ਲਈ ਸਲੀਬ ਉੱਤੇ ਸਭ ਕੁਝ ਦਾਅ ਤੇ ਲਾ ਦਿੱਤਾ, ਜਦਕਿ ਅਸੀਂ ਵਿਸ਼ਵਾਸ ਨਾਲ ਸਭ ਕੁਝ ਦਾਅ ਤੇ ਲਾਉਂਦੇ ਹਾਂ। ਭਲਾ

ਸਾਡੇ ਵਿਚ ਬਾਈਬਲ ਦੇ ਮੁਤਾਬਕ ਬਣ ਕੇ ਢੁਕਦੇ ਹੋਣ ਦੀ ਹਿੰਮਤ ਹੈ? ਹੋ ਸਕਦਾ ਹੈ ਕਿ ਯਿਸੂ ਮਸੀਹ ਉਹੋ ਜਿਹਾ *ਆਦਮੀ* ਨਾ ਹੋਵੇ ਜਿਹੋ ਜਿਹਾ ਅਸੀਂ ਚਾਹੁੰਦੇ ਹਾਂ। ਪਰ ਉਹ ਉਹੋ ਜਿਹਾ *ਆਦਮੀ* ਹੈ ਜਿਸ ਦੀ *ਸਾਨੂੰ ਲੋੜ ਹੈ!*

## ਉਹ ਪ੍ਰਭੂ ਹੈ

ਯਿਸੂ ''ਬੌਸ'' ਹੈ! ਸਾਡੀ ਦੁਨੀਆਂ ਨੇ ਇਖ਼ਤਿਆਰ ਦਾ ਇਨਕਾਰ ਕਰਕੇ ''ਪ੍ਰਭੂ'' ਸ਼ਬਦ ਨੂੰ ਬਾਹਰ ਕੱਢ ਦਿੱਤਾ ਹੈ; ਤਾਂ ਵੀ ਇਹ ਬਾਈਬਲ ਦਾ ਗੂੜ੍ਹ ਸ਼ਬਦ ਹੈ। ''ਪ੍ਰਭੂ ਉਹ ਹੁੰਦਾ ਹੈ ਜਿਸ ਦਾ ਕਿਸੇ ਆਦਮੀ ਨਾਲ ਨਾਤਾ ਹੋਵੇ ਅਤੇ ਜਿਸ ਬਾਰੇ ਉਸ ਨੂੰ ਫ਼ੈਸਲਾ ਲੈਣ ਦਾ ਹੱਕ ਹੋਵੇ।'' ਧਰਤੀ ਦਾ ਇਕ ਇੰਚ ਵੀ ਅਜਿਹਾ ਨਹੀਂ ਹੈ ਜਿਸ ਨੂੰ ਯਿਸੂ *''ਮੇਰਾ''* ਨਾ ਆਖ ਸਕਦਾ ਹੋਵੇ। ਯਿਸੂ ਨੇ ਸਾਡੀ ਰਚਨਾ ਕੀਤੀ; ਯਿਸੂ ਨੇ ਸਾਨੂੰ ਛੁਡਾਇਆ; ਯਿਸੂ ਹਰ ਹਾਲ ਵਿਚ ਸਾਡਾ ਪ੍ਰਭੂ ਹੈ। ਰੋਜ਼ ਦਾ ਚੱਲਣਾ ਯਿਸੂ ਨੂੰ ਪ੍ਰਭੂ ਮੰਨ ਕੇ ਉਸ ਦੇ ਪ੍ਰਭੂ ਹੋਣ ਨੂੰ ਮੰਨਣਾ ਹੈ। ਉਸ ਦੇ ਪ੍ਰਭੂਤਵ ਵਿਚ ਚੱਲਣਾ ਹੈ। ਪਤਰਸ ਨੇ ਪੈਂਟੀਕਾਸਟ ਵਾਲੇ ਦਿਨ ਪਹਿਲੇ ਇੰਜੀਲੀ ਉਪਦੇਸ਼ ਨੂੰ ਇਨ੍ਹਾਂ ਸ਼ਬਦਾਂ ਨਾਲ ਮੁਕਾਇਆ ਸੀ: ''ਉਪਰੰਤ ਇਸਰਾਏਲ ਦਾ ਸਾਰਾ ਘਰਾਣਾ ਪੱਕ ਜਾਣੇ ਭਈ ਇਸੇ ਯਿਸੂ ਨੂੰ ਜਿਹਨੂੰ ਤੁਸਾਂ ਸਲੀਬ ਉੱਤੇ ਚੜ੍ਹਾਇਆ ਪਰਮੇਸ਼ੁਰ ਨੇ ਉਸੇ ਨੂੰ ਪ੍ਰਭੂ ਵੀ ਅਤੇ ਮਸੀਹ ਵੀ ਕੀਤਾ'' (ਰਸੂਲਾਂ ਦੇ ਕੰਮ 2:36)। ਯਿਸੂ ਮਨੁੱਖ ਲਈ ਖ਼ੁਦਾ ਦਾ ਅੰਤਮ ਅਤੇ ਪੂਰਣ ਵਚਨ ਹੈ (ਇਬਰਾਨੀਆਂ 1:1–3)। ਇਸ ਕਰਕੇ ਮੂਹੋਂ ਇਕਰਾਰ ਕਰਨਾ ਮੁਕਤੀ ਦਾ ਕਾਰਣ ਬਣਦਾ ਹੈ (ਰੋਮੀਆਂ 10:10)। ਯਿਸੂ ਆਪਣੇ ਆਪ ਵਿਚ ਪ੍ਰਭੂ ਹੈ।

ਯਿਸੂ ਨੂੰ ਖ਼ੁਦਾ ਨੇ ਪ੍ਰਭੂ ਬਣਾਇਆ। ਲੋਕਾਂ ਨੇ ਨਹੀਂ। ਯਿਸੂ ਪ੍ਰਭੂ ਹੀ ਹੈ ਭਾਵੇਂ ਮਨੁੱਖ ਉਸ ਨੂੰ ਮੰਨੇ ਜਾਂ ਨਾ ਮੰਨੇ। ਇਕ ਦਿਨ ''ਹਰ ਜ਼ਬਾਨ ਪਰਮੇਸ਼ੁਰ ਪਿਤਾ ਦੀ ਵਡਿਆਈ ਲਈ ਮੰਨ ਲਵੇਗੀ ਜੋ ਯਿਸੂ ਮਸੀਹ ਪ੍ਰਭੂ ਹੈ'' (ਫ਼ਿਲਿੱਪੀਆਂ 2:11)। ਸ਼ੱਕੀ ਥੋਮਾ ਨੂੰ ਆਪਣਾ ਖ਼ਿਆਲ ਬਦਲਣਾ ਪਿਆ ਸੀ। ਜੀ ਉੱਠੇ ਮਸੀਹ ਅੱਗੇ ਥੋਮਾ ਪੁਕਾਰ ਉੱਠਿਆ ਸੀ, ''ਹੇ ਮੇਰੇ ਪ੍ਰਭੂ ਅਤੇ ਮੇਰੇ ਪਰਮੇਸ਼ੁਰ'' (ਯੂਹੰਨਾ 20:28)। ਸਾਨੂੰ ਵੀ ਆਪਣਾ ਵਿਚਾਰ ਬਦਲਣਾ ਹੀ ਪਵੇਗਾ। ਪ੍ਰਭੂ ਦੇ ਤੌਰ ਤੇ ਮੰਨਣ ਲਈ ਹੁਕਮ ਜ਼ਰੂਰੀ ਹੈ। ਯਿਸੂ ਨੇ ਕਿਹਾ, ''ਤੁਸੀਂ ਮੈਨੂੰ ਪ੍ਰਭੂ ਪ੍ਰਭੂ ਕਰਕੇ ਕਿਉਂ ਪੁਕਾਰਦੇ ਹੋ ਪਰ ਜੋ ਮੈਂ ਕਹਿੰਦਾ ਹਾਂ ਸੋ ਨਹੀਂ ਕਰਦੇ?'' (ਲੂਕਾ 6:46)।

ਯਿਸੂ ਪ੍ਰਭੂ ਵੀ ਹੈ ਅਤੇ ਮਸੀਹ ਵੀ। *ਪਹਿਲਾਂ* ਉਹ ਪ੍ਰਭੂ ਹੈ! ਲੋਕ ਯਿਸੂ ਨੂੰ ਇਕ ਮੁਕਤੀਦਾਤੇ ਅਤੇ ਬਰਕਤ ਦੇਣ ਵਾਲੇ ਦੇ ਰੂਪ ਵਿਚ ਪਾਉਣਾ ਚਾਹੁੰਦੇ ਹਨ। ਤਾਂ ਵੀ ਉਸ ਦੇ ਪ੍ਰਭੂ ਹੋਣ ਤੋਂ ਇਨਕਾਰ ਕਰਦੇ ਹਾਂ। ਯਿਸੂ ਸਾਨੂੰ ਤਦ ਤਕ ਨਹੀਂ ਬਚਾ ਸਕਦਾ ਜਦ ਤਕ ਅਸੀਂ ਉਹਨੂੰ ਪ੍ਰਭੂ ਮੰਨ ਕੇ ਉਸ ਦੀ ਗੱਲ ਨਹੀਂ ਮੰਨਦੇ! ਯਿਸੂ ਉਨ੍ਹਾਂ ਲੋਕਾਂ ਨੂੰ ਨਹੀਂ ਬਚਾ ਸਕਦਾ ਜਿਹੜੇ ਉਸ ਦਾ ਹੁਕਮ ਨਹੀਂ ਮੰਨਦੇ। ਨਵੇਂ ਨੇਮ ਵਿਚ ਯਿਸੂ ਨੂੰ ਵੀਹ ਜਾਂ ਵੱਧ ਵਾਰ ਮਸੀਹਾ (ਮੁਕਤੀਦਾਤਾ) ਆਖਿਆ ਗਿਆ ਹੈ। ਚਾਰ ਸੌ ਵਾਰ ਉਸ ਨੂੰ ਪ੍ਰਭੂ ਐਲਾਨਿਆ ਗਿਆ ਹੈ। ਸਾਡਾ ਰੋਜ਼ ਦਾ ਚੱਲਣਾ ਮਸੀਹ ਵਿਚ ਚੱਲਣਾ ਹੀ ਹੈ। ਵਿਸ਼ਵਾਸ ਨੂੰ ਵਫ਼ਾਦਾਰੀ ਨਾਲੋਂ ਵੱਖ ਨਾ ਕਰੋ।

> ਨਾ ਹਰੇਕ ਜਿਹੜਾ ਮੈਨੂੰ ਪ੍ਰਭੂ! ਪ੍ਰਭੂ! ਕਹਿੰਦਾ ਹੈ ਸੁਰਗ ਦੇ ਰਾਜ ਵਿਚ ਵੜੇਗਾ ਬਲਕਣ ਉਹੋ ਜੋ ਮੇਰੇ ਸੁਰਗੀ ਪਿਤਾ ਦੀ ਮਰਜ਼ੀ ਉੱਤੇ ਚੱਲਦਾ ਹੈ। ਉਸ ਦਿਨ ਅਨੇਕ ਮੈਨੂੰ ਆਖਣਗੇ, ਹੇ ਪ੍ਰਭੂ! ਹੇ ਪ੍ਰਭੂ! ਕੀ ਅਸਾਂ ਤੇਰਾ ਨਾਮ ਲੈਕੇ ਅਗੰਮ ਵਾਕ ਨਹੀਂ ਕੀਤਾ? ਅਤੇ ਤੇਰਾ ਨਾਮ ਲੈ ਕੇ ਭੂਤ ਨਹੀਂ ਕੱਢੇ? ਅਤੇ ਤੇਰਾ ਨਾਮ ਲੈਕੇ ਬਹੁਤੀਆਂ ਕਰਾਮਾਤਾਂ ਨਹੀਂ ਕੀਤੀਆਂ? ਤਦ ਮੈਂ ਉਨ੍ਹਾਂ ਨੂੰ ਸਾਫ ਆਖਾਂਗਾ ਭਈ ਮੈਂ ਤੁਹਾਨੂੰ ਕਦੇ ਵੀ ਨਹੀਂ ਜਾਣਿਆ। ਹੇ ਬੁਰਿਆਰੋ, ਮੇਰੇ ਕੋਲੋਂ ਚਲੇ ਜਾਓ (ਮੱਤੀ 7:21–23)।

''ਮੇਰੇ ਕੋਲ ਆਓ'' (ਮੱਤੀ 11:28–30) ਦੀ ਅਵਾਜ਼ ''ਮੇਰੇ ਮਗਰ ਆਓ'' (ਮੱਤੀ 4:19) ਨਾਲੋਂ ਉੱਚੀ ਹੁੰਦੀ ਹੈ। ਅਸੀਂ ਮਸੀਹ ਦੇ ਨਾਲ ਸਲੀਬ ਉੱਤੇ ਚੜ੍ਹਾਏ ਜਾਂਦੇ ਹਾਂ (ਗਲਾਤੀਆਂ 2:20)। ਅਸੀਂ ਮਸੀਹ ਦੇ ਨਾਲ ਮਿਲਾਏ ਜਾਂਦੇ ਹਾਂ (ਰੋਮੀਆਂ 8:29)। ਸਾਨੂੰ ਉਸ ਦੇ ਸਰੂਪ ਵਿਚ ਹੋਣ ਲਈ ਬਦਲਿਆ ਜਾਂਦਾ ਹੈ (2 ਕੁਰਿੰਥੀਆਂ 3:18)। ਅਸੀਂ ਉਸ ਦੇ ਨਮੂਨੇ ਦਾ ਪਾਲਣ ਕਰਦੇ ਹਾਂ (1 ਪਤਰਸ 2:21)।

ਯਿਸੂ ਨੇ ਆਪਣੀ ਜਾਨ ਸਾਡੇ ਲਈ ਵਾਰ ਦਿੱਤੀ
ਤਾਂ ਜੋ ਸਾਨੂੰ ਉਹ ਆਪਣੀ ਜ਼ਿੰਦਗੀ ਦੇ ਸਕੇ
ਤਾਂ ਜੋ ਉਹ ਸਾਡੇ ਵਿੱਚੋ ਹੋ ਕੇ ਜੀ ਸਕੇ।

ਕੀ ਮਸੀਹ ਨੇ ਤੁਹਾਡੇ ਵਿਚ ਰੂਪ ਲੈ ਲਿਆ ਹੈ?

**ਉਹ ਸਾਡਾ ਮੁਕਤੀਦਾਤਾ ਹੈ**

ਯਿਸੂ ਹੀ ਸਾਨੂੰ ਮੁਕਤੀ ਦੁਆ ਸਕਦਾ ਹੈ, ਕਿਉਂਕਿ *ਹੋਰ ਤਰੀਕਾ ਹੀ ਨਹੀਂ* ਹੈ। ਗਤਸਮਨੀ ਵਿਚ ਆਪਣੇ ਪੁੱਤਰ ਦਾ ਪਸੀਨਾ ਲਹੂ ਬਣ ਕੇ ਡਿੱਗਣ ਤੇ ''ਨਹੀਂ'' ਆਖ ਕੇ ਖ਼ੁਦਾ ਪੁਕਾਰ ਪੁਕਾਰ ਕੇ ਆਖ ਰਿਹਾ ਸੀ ਕਿ ''ਹੋਰ ਕੋਈ ਤਰੀਕਾ ਨਹੀਂ ਹੈ!'' ਮਨੁੱਖ ਪਾਪ ਵਿਚ ਗੁਆਚਿਆ ਹੋਇਆ ਹੈ ਅਤੇ ਉਸ ਨੂੰ ਨਰਕ ਵਿਚ ਜਾਣ ਦੀ ਸਜ਼ਾ ਮਿਲੀ ਹੈ। ਉਹ ਆਪਣੇ ਆਪ ਨੂੰ ਬਚਾ ਨਹੀਂ ਸਕਦਾ ਭਾਵ ਉਹ ਆਪਣੀ ਮੁਕਤੀ ਖ਼ਰੀਦ ਨਹੀਂ ਸਕਦਾ। ਜੋ ਮਨੁੱਖ ਤੋਂ ਨਹੀਂ ਹੋ ਸਕਦਾ ਸੀ, ਖ਼ੁਦਾ ਨੇ ਉਹੀ ਮਨੁੱਖ ਵਿਚ ਹੋ ਕੇ ਕਰ ਦਿੱਤਾ। ਯਿਸੂ ''ਪਰਮੇਸ਼ੁਰ ਦਾ ਲੇਲਾ'' ਹੈ। ਖ਼ੁਦਾ, ਹਾਂ ਖ਼ੁਦਾ ਆਪੇ ਪਾਪ, ਮੌਤ, ਨਰਕ ਅਤੇ ਸ਼ੈਤਾਨ ਨੂੰ ਹਰਾਉਣ ਲਈ ਯਿਸੂ ਵਿਚ ਮਨੁੱਖ ਜਾਤੀ ਦੇ ਨਾਲ ਮਿਲ ਗਿਆ। ਇਕ ਸਾਰਿਆਂ ਲਈ ਮੋਇਆ (2 ਕੁਰਿੰਥੀਆਂ 5:15)। ਖ਼ੁਦਾ ਨੇ ਮਸੀਹ ਵਿਚ ਸਾਡੇ ਨਾਲ ਮੇਲ ਮਿਲਾਪ ਕਰ ਲਿਆ (2 ਕੁਰਿੰਥੀਆਂ 5:19–21)। ਸਾਡੀ ਬੁਨਿਆਦ ਇੰਜੀਲ ਦਾ ਇਹ ਸੰਦੇਸ਼ ਹੈ ਕਿ ਖ਼ੁਦਾ ਮਨੁੱਖਾਂ ਨਾਲ ਉਹ ਕੰਮ ਕਰਨ ਵਾਸਤੇ ਮਿਲ ਗਿਆ ਜਿਸ ਨੂੰ ਉਹ ਆਪ ਨਹੀਂ ਕਰ ਸਕਦੇ ਸਨ। ਮਸੀਹ ਦੇ ਇਲਾਵਾ ਕਿਸੇ ਹੋਰ ਗੱਲ ਦਾ ਪ੍ਰਚਾਰ ਕਿਉਂ ਕਰੀਏ? ਪ੍ਰਚਾਰ ਕਰਨ ਲਈ ਕੁਝ ਹੋਰ ਹੈ ਹੀ ਨਹੀਂ! ਯਿਸੂ ਹੀ *ਇੱਕੋ ਇਕ ਮੁਕਤੀਦਾਤਾ* ਹੈ! ਯਿਸੂ ਜੋ ਮਸੀਹ ਹੈ, ਮਸੀਹਾ ਹੈ, ਮੁਕਤੀਦਾਤੇ ਦੇ ਨਾਂਅ ਦੇ ਸਿਵਾਏ ਕਿਸੇ ਹੋਰ ਵਿਚ ਮੁਕਤੀ ਹੈ ਹੀ ਨਹੀਂ। *ਕਿੰਨਾ ਜ਼ਬਰਦਸਤ ਮੁਕਤੀਦਾਤਾ ਹੈ!*

ਪਾਪੀਆਂ ਨੂੰ ਬਚਾਏ ਜਾਣ ਨਾਲੋਂ ਵੀ ਵੱਧ ਮੁਕਤੀਦਾਤੇ ਦੀ ਲੋੜ ਹੈ। ਮੁਕਤੀ ਮਿਲ ਜਾਣ ਤੇ ਪਾਪੀ ਇਕ ਪਲ ਵਿਚ ਫੇਰ ਪਾਪੀ ਬਣ ਜਾਣਗੇ। ਯਿਸੂ ਸਿਫ਼ਾਰਿਸ਼ ਕਰਨ ਲਈ ਹਮੇਸ਼ਾ ਜੀਉਂਦਾ ਹੈ (ਇਬਰਾਨੀਆਂ 7:25)। ਖ਼ੁਦਾ ਅਤੇ ਮਨੁੱਖਾਂ ਵਿਚਕਾਰ ਯਿਸੂ ਹੀ ਵਿਚੋਲਾ ਹੈ (1 ਤਿਮੋਥਿਉਸ 2:5)। ਅਸਮਾਨ ਦੇ ਹੇਠਾਂ ਕੋਈ ਹੋਰ ਨਾਂਅ ਨਹੀਂ ਦਿੱਤਾ ਗਿਆ ਜਿਸ ਤੋਂ ਅਸੀਂ ਬਚਾਏ ਜਾ ਸਕਦੇ ਹਾਂ (ਰਸੂਲਾਂ ਦੇ ਕੰਮ 4:11, 12)। ਯਿਸੂ ਅਸਲ ਜਾਂ ਸੰਭਾਵਿਤ ਲੋਕਾਂ ਨੂੰ ਬਚਾਉਣ ਨਹੀਂ ਬਲਕਿ ਬਚਾਏ ਜਾ ਸਕਣ ਵਾਲੇ ਪਾਪੀਆਂ ਨੂੰ ਬਚਾਉਣ ਲਈ ਆਇਆ। ਯਿਸੂ ਤੋਂ ਵੱਖ ਹੋ ਕੇ ਅਸੀਂ ਸਿਰਫ਼ ਆਪਣੇ ਪਾਪਾਂ ਵਿਚ ਮਰ ਸਕਦੇ ਹਾਂ (ਰਸੂਲਾਂ ਦੇ ਕੰਮ 4:12)।

ਯਿਸੂ ਵਿਚ ਵਿਸ਼ਵਾਸ ਲਿਆਉਣ ਦਾ ਮਤਲਬ ਹੈ ਕਿ ਅਸੀਂ ਆਖ ਰਹੇ ਹਾਂ ਕਿ ''ਖ਼ੁਦਾ ਹੀ ਸਹੀ ਹੈ।'' ਪਰੇਸ਼ਾਨੀ ਪਾਪ ਹੈ ਅਤੇ ਇਹਦਾ ਹੱਲ ਸਲੀਬ ਹੀ ਹੈ। ਯਿਸੂ ਮਸੀਹੀ ਜ਼ਿੰਦਗੀ ਜੀਣ ਵਿਚ ਸਾਡੀ ਮਦਦ ਹੀ ਨਹੀਂ ਕਰਦਾ, ਉਹ ਤਾਂ ਸਾਡੀ ਜ਼ਿੰਦਗੀ ਹੈ।

## ਅੱਜ ਸਾਨੂੰ ਮਸੀਹੀਅਤ ਵਿਚ ਯਕੀਨ ਜ਼ਰੂਰੀ ਹੈ

ਸਾਡੀ ਲੋੜ ਅੱਜ ਵੀ ਉਹੀ ਹੈ ਜਿਹੜੀ ਪਹਿਲਾਂ ਸੀ, *ਯਿਸੂ ਮਸੀਹ।* ਨਵੇਂ ਨੇਮ ਵਿਚ ਮਸੀਹ ਜਾਂ ਇਹਦੇ ਨਾਲ ਮਿਲਦੇ ਵਾਕ ਅੰਸ਼ਾਂ ਦੀ ਵਰਤੋਂ 119 ਵਾਰ ਹੋਈ ਹੈ। ਇਹ ''ਅੱਜ,'' ਜਾਂ ''ਭਲਕੇ'' ਜਾਂ ''ਕੱਲ੍ਹ'' ਮਸੀਹੀਅਤ ਨਹੀਂ ਹੈ। ਇਬਰਾਨੀਆਂ ਦੀ ਕਿਤਾਬ ਐਲਾਨ ਕਰਦੀ ਹੈ ਕਿ ਯਿਸੂ ਸਭ ਲਈ ਇੱਕੋ ਵਾਰ ਮਰਿਆ (7:27; 10:10)। ਪਹਿਲੀ ਸਦੀ ਦੇ ਲੋਕਾਂ ਨੂੰ ਪਤਾ ਵੀ ਨਹੀਂ ਸੀ ਕਿ ਉਹ ਪਹਿਲੀ ਸਦੀ ਵਿਚ ਰਹਿ ਰਹੇ ਹਨ (ਸਾਡਾ ਮੌਜੂਦਾ ਕੈਲੰਡਰ ਉਸਦੇ ਬਹੁਤ ਦੇਰ ਬਾਅਦ ਲਾਗੂ ਹੋਇਆ)। ਹਰ ਸਦੀ ਲਈ ਕੁਝ ਨਵਾਂ ਜਾਂ ਕੁਝ ਵੱਖਰਾ ਹੋਣਾ ਜ਼ਰੂਰੀ ਨਹੀਂ ਹੈ। ਪਹਿਲੀ ਸਦੀ ਕੋਲ ''ਮਸੀਹੀਅਤ ਅੱਜ'' ਸੀ। ਸਾਨੂੰ ਵੀ ਇਹੀ ਲੋੜ ਹੈ ਅਤੇ ਹਮੇਸ਼ਾ ਰਹੇਗੀ। ਕਲੀਸੀਆ ਨੂੰ ਪੁਰਾਣੇ ਜ਼ਮਾਨੇ ਦੀ ਕਾਰ ਵਾਂਗ ਸੰਭਾਲ ਕੇ ਨਹੀਂ ਰੱਖਿਆ ਜਾਂਦਾ। ਮਸੀਹੀ ਅਨਾਦੀਕਾਲ ਲਈ ਖ਼ੁਦਾ ਦਾ ਜਵਾਬ ਹੈ ਜਦ ਤੁਹਾਨੂੰ ਕਣਕ ਦੀ ਲੋੜ ਹੋਵੇ ਤਾਂ ਤੁਸੀਂ ਕਣਕ ਬੀਜਦੇ ਹੋ। ਜਦ ਮਸੀਹੀਅਤ ਚਾਹੀਦੀ ਹੋਵੇ ਤਾਂ ਇੰਜੀਲ ਦਾ ਬੀਜ ਬੀਜੋ (ਲੂਕਾ 8:11; ਰੋਮੀਆਂ 1:16)। ਕਲੀਸੀਆ ਲਈ ਜ਼ਰੂਰੀ ਹੈ ਕਿ ਜਿਸ ਗੱਲ ਦਾ ਉਹ ਪ੍ਰਚਾਰ ਕਰਦੀ ਹੈ ਉਸ ਨੂੰ ਮੰਨੇ ਵੀ ਭਾਵ ਮਸੀਹੀ ਲੋਕਾਂ ਦੀ ਜ਼ਿੰਦਗੀ ਉਨ੍ਹਾਂ ਦੇ ਵਿਸ਼ਵਾਸ ਦੇ ਮੁਤਾਬਕ ਹੋਵੇ। ਤੁਹਾਡੀ ਜ਼ਿੰਦਗੀ ਇਵੇਂ ਹੋਵੇ ਜਿਵੇਂ ਮਸੀਹ ਕੱਲ੍ਹ ਹੀ ਮਰਿਆ, ਅੱਜ ਸਵੇਰੇ ਜੀ ਉੱਠਿਆ ਅਤੇ ਅੱਜ ਰਾਤ ਨੂੰ ਹੀ ਵਾਪਸ ਆਉਣ ਵਾਲਾ ਹੈ!

*ਆਓ, ਮੇਰੇ ਨਾਲ ਚੱਲੋ।*